## ਪ੍ਰਿਸਕ੍ਰੀਪਸ਼ਨ ਪ੍ਰੀ-ਪੇਮੈਂਟ

ਪ੍ਰਿਸਕ੍ਰਿਪਸ਼ਨ ਪ੍ਰੀ-ਪੇਮੈਂਟ ਸਰਟੀਫੀਕੇਟ (ਪੀਪੀਸੀ'ਜ਼) ਉਹਨਾਂ ਲੋਕਾਂ ਦੀ ਮਦਦ ਕਰਦੇ ਹਨ ਜਿਹਨਾਂ ਨੂੰ ਵੱਡੀ ਸੰਖਿਆ ਵਿੱਚ ਜਾਂ ਘੱਟ ਮੁੱਲ ਤੇ ਲਗਾਤਾਰ ਨੁਸਖ਼ਿਆਂ ਦੀ ਲੋੜ ਹੁੰਦੀ ਹੈ, ਜਿੱਥੇ ਉਹਨਾਂ ਨੂੰ ਦੂਜੇ ਆਧਾਰਾਂ 'ਤੇ ਮੁਫ਼ਤ ਨੁਸਖ਼ੇ ਨਹੀਂ ਮਿਲਦੇ। ਪੀਪੀਸੀ'ਜ਼ 4 ਮਹੀਨੇ ਜਾਂ ਇੱਕ ਸਾਲ ਲਈ ਉਪਲਬੱਧ ਹੁੰਦੇ ਹਨ।

ਪੀਪੀਸੀ ਤੁਹਾਡੇ ਪੈਸੇ ਬਚਾ ਦੇਵੇਗਾ ਜੇਕਰ ਤੁਹਾਨੂੰ ਹਰ ਮਹੀਨੇ ਲਗਾਤਾਰ ਇੱਕ ਤੋਂ ਜ਼ਿਆਦਾ ਨੁਸਖ਼ਿਆਂ ਦੀ ਲੋੜ ਹੁੰਦੀ ਹੈ।

**ਤੁਸੀ ਪੀਪੀਸੀ ਲਈ ਆਵੇਦਨ ਕਰ ਸਕਦੇ ਹੋ:**

- ਇੰਟਰਨੈਟ ਵਿੱਚ www.ppa.nhs.uk ਤੇ
- ਆਪਣੀ ਸਥਾਨਕ ਫ਼ਾਰਮੇਸੀ ਤੇ ਉਪਲਬੱਧ ਐਫਪੀ95 ਫ਼ਾਰਮ ਇਸਤੇਮਾਲ ਕਰਕੇ ਡਾਕ ਦੇ ਦੁਆਰਾ
- ਪੀਪੀਸੀ'ਜ਼ ਵੇਚਣ ਲਈ ਪੰਜੀਕ੍ਰਿਤ ਫ਼ਾਰਮੇਸੀ ਤੋਂ
- ਟੈਲੀਫ਼ੋਨ ਦੇ ਦੁਆਰਾ – ਵੇਰਵੇਂ ਲਈ ਹੇਠ ਵੇਖੋ

ਤੁਸੀ ਪੀਪੀਸੀ ਦਾ ਮੁੱਲ ਜਾਂਚ ਸਕਦੇ ਹੋ ਜਾਂ ਇਸ ਨੰਬਰ ਤੇ ਫ਼ੋਨ ਕਰਕੇ ਖ਼ਰੀਦ ਸਕਦੇ ਹੋ:

**0845 850 0030**

(ਕੱਲਾਂ ਦਾ ਮੁੱਲ ਸਥਾਨਕ ਦਰਾਂ ਤੇ ਵਸੂਲਿਆ ਜਾਵੇਗਾ)

## ਰੀਫ਼ੰਡ

ਜੇਕਰ ਤੁਸੀ ਪਹਿਲਾਂ ਹੀ ਐਨਐਚਐਸ ਦਾ ਮੁੱਲ ਦੇ ਦਿੱਤਾ ਹੈ, ਤੇ ਤੁਸੀ ਆਪਣਾ ਕੁਝ ਜਾਂ ਸਾਰਾ ਪੈਸਾ ਵਾਪਸ ਪ੍ਰਾਪਤ ਕਰ ਸਕਦੇ ਹੋ। ਮੁੱਲ ਦੇਣ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਕਲੇਮ ਕਰਨਾ ਜ਼ਰੂਰੀ ਹੈ। ਰੀਫ਼ੰਡ ਕਲੇਮ ਕਰਣ ਲਈ, ਸਾਧਾਰਣ ਤੌਰ ਤੇ ਤੁਹਾਨੂੰ ਐਚਸੀ5 ਫ਼ਾਰਮ ਭਰ ਕੇ ਰਸੀਦ ਦੇ ਨਾਲ ਭੇਜਣਾ ਹੁੰਦਾ ਹੈ। ਐਚਸੀ5 ਵਿੱਚ ਇਸ ਬਾਰੇ ਜ਼ਿਆਦਾ ਵੇਰਵਾਂ ਦਿੱਤਾ ਗਿਆ ਹੈ। ਤੁਸੀ ਐਚਸੀ5:

- ਆਪਣੇ ਸਥਾਨਕ ਜੌਬਸੈਂਟਰ ਪਲੱਸ ਦਫ਼ਤਰ ਤੋਂ
- ਆਪਣੇ ਸਥਾਨਕ ਹਸਪਤਾਲ ਤੋਂ
- ਕੁਝ ਦੰਦਾਂ ਦੇ ਡਾੱਕਟਰ ਤੇ ਆੱਪਟੀਸ਼ੀਅਨਸ ਤੋਂ
- www.ppa.nhs.uk ਤੋਂ ਪ੍ਰਾਪਤ ਕਰ ਸਕਦੇ ਹੋ ਇਹ ਤੁਹਾਨੂੰ ਡਾਕ ਦੁਆਰਾ ਭੇਜਿਆ ਜਾਵੇਗਾ
- ਇਸ ਨੰਬਰ ਤੇ ਮਰੀਜ਼ ਸੇਵਾਵਾਂ ਤੇ ਨਿਵੇਦਨ ਕਰਣ ਤੇ:

**0845 850 1166**

(ਕੱਲਾਂ ਦਾ ਮੁੱਲ ਸਥਾਨਕ ਦਰਾਂ ਤੇ ਵਸੂਲਿਆ ਜਾਵੇਗਾ)

ਜੇਕਰ ਤੁਸੀ ਨੁਸਖ਼ਿਆਂ ਦਾ ਮੁੱਲ ਦੇ ਰਹੇ ਹੋ ਅਤੇ ਤੁਸੀ ਸੋਚਦੇ ਹੋ ਕਿ ਤੁਸੀ ਰੀਫ਼ੰਡ ਕਲੇਮ ਕਰ ਸਕਦੇ ਹੋ, ਤਾਂ ਭੁਗਤਾਨ ਕਰਨ ਵੇਲੇ ਫ਼ਾਰਮਾਸੀਸਟ ਤੋਂ ਐਨਐਚਐਸ ਰਸੀਦ (ਫ਼ਾਰਮ ਐਫਪੀ57) ਦੀ ਮੰਗ ਕਰੋ। ਤੁਹਾਨੂੰ ਰਸੀਦ ਭੁਗਤਾਨ ਕਰਨ ਵੇਲੇ ਹੀ ਮਿਲ ਸਕਦੀ ਹੈ। ਰੀਫ਼ੰਡ ਕਲੇਮ ਦੀ ਜਾਣਕਾਰੀ ਰਸੀਦ ਤੇ ਹੁੰਦੀ ਹੈ।

## ਦੁਭਾਸ਼ੀਆ ਸੇਵਾਵਾਂ

ਜੇਕਰ ਅੰਗ੍ਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀ ਹੈ, ਤਾਂ ਅਸੀ ਇਸ ਲੀਫ਼ਲੈਟ ਤੇ ਦਿਖਾਏ ਗਏ ਸਾਰੇ ਨੰਬਰਾਂ ਤੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਉਪਲਬੱਧ ਕਰਾਵਾਂਗੇ। ਜਦੋ ਤੁਸੀ ਫ਼ੋਨ ਕਰੋ ਤੇ ਅੰਗ੍ਰੇਜ਼ੀ ਵਿੱਚ, ਜਾਂ ਆਪਣੇ ਕਿਸੇ ਦੋਸਤ ਦੇ ਦੁਆਰਾ ਆਪਣੀ ਪਸੰਦੀਦਾ ਭਾਸ਼ਾ ਦਸੋ ਤਾਂ ਅਸੀ ਇੱਕ ਦੁਭਾਸ਼ੀਏ ਦਾ ਪ੍ਰਬੰਧ ਕਰਾਂਗੇ।

ਸਾਧਾਰਣ ਤੌਰ ਤੇ ਇਸ ਵਿੱਚ 30 ਸੈਕੰਡ ਤੋਂ ਇੱਕ ਮਿਨਟ ਦਾ ਸਮਾਂ ਲਗਦਾ ਹੈ।

## ਹੋਰ ਖ਼ਾਸ ਜ਼ਰੂਰਤਾਂ

ਇਹ ਲੀਫ਼ਲੈਟ ਨਿਵੇਦਨ ਕਰਨ ਤੇ ਬ੍ਰੇਲ, ਆੱਡੀਓ ਕੈਸੇਟ, ਡਿਸਕ ਅਤੇ ਵੱਡੇ ਛਾਪੇ ਵਿੱਚ ਵੀ ਉਪਲਬੱਧ ਹੋ ਸਕਦਾ ਹੈ।

ਇਸ ਲੀਫ਼ਲੈਟ ਤੇ ਦਿੱਤੇ ਗਏ ਸਾਰੇ ਟੈਲੀਫ਼ੋਨ ਨੰਬਰ ਉੱਚਾ ਸੁਣਨ ਵਾਲੇ ਲੋਕਾਂ ਲਈ ਟਾਈਪਟੱਕ ਸਵੀਕਾਰ ਕਰਦੇ ਹਨ। ਇਹ ਸੋਮਵਾਰ ਤੋਂ ਸ਼ੁਕਰਵਾਰ ਸਵੇਰੇ 8 ਵਜੇ ਤੋਂ ਸ਼ਾਮੀ 6 ਵਜੇ ਤੱਕ ਉਪਲਬੱਧ ਹੈ।

ਇਹ ਉਪਲਬੱਧ ਮਦਦ ਲਈ ਅਖ਼ੀਰਲੀ ਗਾਈਡ ਨਹੀ ਹੈ। ਹੋਰ ਜ਼ਿਆਦਾ ਵੇਰਵੇਂ ਲਈ, ਐਨਐਚਐਸ ਹਸਪਤਾਲਾਂ ਵਿੱਚ ਉਪਲਬੱਧ ਐਚਸੀ11 ਲੀਫ਼ਲੈਟ ਵੇਖੋ। ਇਹ ਕੁਝ ਫ਼ਾਰਮੇਸੀਆਂ, ਜੀਪੀ ਸਰਜਰੀਆਂ ਅਤੇ ਐਨਕਸਾਜ਼ਾਂ ਦੇ ਕੋਲ ਵੀ ਇਸ ਦਾ ਸਟੱਕ ਹੁੰਦਾ ਹੈ।

ਜਾਂ, ਹੇਠ ਦਿੱਤੀ ਗਈ ਵੈਬਸਾਈਟ ਤੇ ਜਾਓ ਤੇ ਲੀਫ਼ਲੈਟ ਐਕਸੈਸ ਕਰਨ ਲਈ ਸਰੱਚ ਸੁਵਿੱਧਾ ਦਾ ਇਸਤੇਮਾਲ ਕਰੋ:

www.dh.gov.uk

ਇਸ ਤੋਂ ਅਲਾਵਾ, ਹੋਰ ਸਲਾਹ ਲਈ, ਜਾਂ ਰੀਫ਼ੰਡ ਕਲੇਮ ਫ਼ਾਰਮ (ਐਚਸੀ5) ਲੈਣ ਲਈ ਹੇਠ ਦਿੱਤੇ ਗਏ ਹੈਲਪਲਾਈਨ ਨੰਬਰ ਤੇ ਕੱਲ ਕਰੋ ਤੇ ਸਲਾਹਕਾਰ ਨਾਲ ਗੱਲ ਕਰੋ:

**0845 850 1166**

(ਕੱਲਾਂ ਦਾ ਮੁੱਲ ਸਥਾਨਕ ਦਰਾਂ ਤੇ ਵਸੂਲਿਆ ਜਾਵੇਗਾ)

© ਕਰਾਊਨ ਕੱਪੀਰਾਈਟ 2005।

ਸੇਹਤ ਵਿਭਾਗ ਦੀ ਤਰਫ਼ੋਂ ਪ੍ਰਕਾਸ਼ਿਤ। ਐਚਸੀ11ਕਯੂ ਜੀ ਵੀ02 1ਐਮ

HC11QG

NHS

# ਸੇਹਤ ਦੀ ਦਰਾਂ ਵਿੱਚ ਮਦਦ

## ਐਚਸੀ11 ਤੇਜ਼ ਗਾਈਡ

ਇਹ ਗਾਈਡ ਹੇਠ ਦਿੱਤੇ ਗਏ ਐਨਐਚਐਸ ਮੁਲਾਂ ਤੇ ਸੇਵਾਵਾਂ ਦੇ ਨਾਲ ਉਪਲਬੱਧ ਮਦਦ ਬਾਰੇ ਦਸਦੀ ਹੈ:



ਨੁਸਖੇ



ਦੰਦਾਂ ਦਾ ਇਲਾਜ




ਨਜ਼ਰ ਦੀ ਜਾਂਚ



ਚਸ਼ਮੇਂ ਜਾਂ ਕਾਂਨਟੈਕਟ ਲੈਨਜ਼ਿਜ਼



ਵਿਗ (ਨਕਲੀ ਵਾਲ) ਅਤੇ ਕਪੜੇ ਦੀ ਮਦਦ




ਇੱਕ ਸਲਾਹਕਾਰ ਦੀ ਦੇਖਭਾਲ ਵਿੱਚ ਐਨਐਚਐਸ ਇਲਾਜ ਕਰਵਾਉਣ ਲਈ ਸਫ਼ਰ ਕਰੋ

# ਤੇਜ ਗਾਈਡ

## ਜਵਾਨ ਲੋਕ ਅਤੇ ਲਾਭ ਪ੍ਰਾਪਤ ਕਰਨ ਵਾਲੇ ਲੋਕ

**ਕੀ ਤੁਸੀ ਕੁਲ-ਵਕਤੀ 16, 17 ਜਾਂ 18 ਵਰ੍ਹਿਆਂ ਦੀ ਉਮਰ ਦੇ ਵਿਦਿਆਰਥੀ ਹੋ**

ਜੇਕਰ ਜਵਾਬ ਹਾਂ ਹੈ, ਤਾਂ ਤੁਸੀ ਹੇਠ ਦਿੱਤੀ ਗਈਆਂ ਮੁਫਤ ਐਨਐਚਐਸ ਵਸਤੂਆਂ ਤੇ ਸੇਵਾਵਾਂ ਦੇ ਹੱਕਦਾਰ ਹੋ:

ਐਨਐਚਐਸ ਨੁਸਖੇ

ਐਨਐਚਐਸ ਦੰਦਾਂ ਦਾ ਇਲਾਜ

ਨਜ਼ਰ ਦੀ ਜਾਂਚ

ਵਿਗ (ਨਕਲੀ ਵਾਲ) ਜਾਂ ਕਪੜੇ ਦਾ ਆਸਰਾ

ਤੁਸੀ ਚਸ਼ਮੇਂ ਜਾਂ ਕਾਂਟੈਕਟ ਲੈਂਜ਼ਾਂ ਦੇ ਵਾਉਚਰਜ਼ ਦੇ ਵੀ ਹੱਕਦਾਰ ਹੋ

**ਜੇਕਰ ਤੁਸੀ (ਜਾਂ ਤੁਹਾਡੇ ਸਾਥੀ ਜੇਕਰ ਕੋਈ ਹੋਏ):**

- ਆਮਦਨੀ ਦਾ ਸਮਰਥਨ
- ਆਮਦਨੀ ਤੇ ਆਧਾਰਤ ਨੌਕਰੀ ਤਲਾਸ਼ ਕਰਨ ਵਾਲਿਆਂ ਦਾ ਭੱਤਾ
- ਪੈਂਸ਼ਨ ਕਰੈਡਿੱਟ **ਗਾਰੰਟੀ ਕਰੈਡਿੱਟ ਪ੍ਰਾਪਤ ਕਰ ਰਹੇ ਹੋ ਜਾਂ**
- ਤੁਹਾਡੇ ਕੋਲ ਐਨਐਚਐਸ ਟੈਕਸ ਕਰੈਡਿੱਟ ਐਗਜ਼ੈਪਸ਼ਨ (ਛੋਟ) ਸਰਟੀਫ਼ਿਕੇਟ ਹੈ

ਤੇ ਤੁਸੀ ਉਪਰੋਕਤ ਸਾਰੀ ਵਸਤੂਆਂ ਤੇ ਸੇਵਾਵਾਂ ਤੇ ਛੁੱਟ ਦੇ ਹੱਕਦਾਰ ਹੋ ਅਤੇ:

ਕਿਸੇ ਹਸਪਤਾਲ ਦੇ ਸਲਾਹਕਾਰ ਦੀ ਦੇਖਭਾਲ ਵਿੱਚ ਇਲਾਜ ਕਰਵਾਉਣ ਲਈ ਕੀਤੇ ਗਏ ਸਫ਼ਰ ਦੇ ਉਚਿਤ ਖ਼ਰਚ ਦਾ ਰੀਫ਼ੰਡ

ਆਪਣੇ ਹੱਕਾਂ ਦਾ ਕਲੇਮ ਕਰਨ ਲਈ, ਆਪਣਾ ਇਲਾਜ ਕਰਵਾਉਂਦੇ ਸਮੇਂ ਪ੍ਰੈਕਟੀਸ਼ਨਰ (ਡਾਕਟਰ) ਨੂੰ ਦਸੋ ਕਿ ਤੁਸੀ ਸੋਚਦੇ ਹੋ ਕਿ ਤੁਹਾਨੂੰ ਭੁਗਤਾਨ ਕਰਨ ਦੀ ਲੋੜ ਨਹੀ ਹੈ। ਪ੍ਰੈਕਟੀਸ਼ਨਰ (ਡਾਕਟਰ) ਸਬੂਤ ਬਾਰੇ ਪੁਛੇਗਾ ਕਿ ਤੁਹਾਨੂੰ ਭੁਗਤਾਨ ਨਹੀ ਕਰਨਾ ਹੈ ਅਤੇ ਤੁਹਾਨੂੰ ਇੱਕ ਫ਼ਾਰਮ ਤੇ ਦਸਤਖ਼ਤ ਕਰਨ ਲਈ ਕਹੇਗਾ।

ਨੋਟ: ਜੇਕਰ ਤੁਸੀ ਉਪਰੋਕਤ ਨਾ ਦਿੱਤਾ ਗਿਆ ਲਾਭ ਪ੍ਰਾਪਤ ਕਰ ਰਹੇ ਹੋ, ਤੇ ਤੁਹਾਨੂੰ ਇਸ ਲੀਫਲੈਟ ਦੇ ਬਾਕੀ ਹਿੱਸੇ ਦੀ ਜਾਂਚ ਕਰ ਲੈਣੀ ਚਾਹੀਦੀ ਹੈ ਕਿ ਕੀ ਤੁਸੀ ਮਦਦ ਦੇ ਹੱਕਦਾਰ ਹੋ ਸਕਦੇ ਹੋ।

## ਕੁਝ ਖਾਸ ਮੈਡੀਕਲ ਤਕਲੀਫ਼ਾਂ ਦੇ ਲੋਕਾਂ

ਜੇਕਰ ਤੁਹਾਨੂੰ ਹੇਠ ਲਿਖੀ ਕੋਈ ਮੈਡੀਕਲ ਤਕਲੀਫ਼ ਹੋਵੇ ਤਾਂ ਤੁਹਾਨੂੰ ਐਨਐਚਐਸ ਮੈਡੀਕਲ ਐਗਜ਼ੈਂਪਸ਼ਨ (ਛੋਟ) ਸਰਟੀਫਿਕੇਟ ਲਈ ਆਵੇਦਨ ਕਰਨਾ ਚਾਹੀਦਾ ਹੈ ਜਿਸ ਨਾਲ ਤੁਸੀ ਮੁਫ਼ਤ ਐਨਐਚਐਸ ਨੁਸਖ਼ੇ ਦੇ ਹੱਕਦਾਰ ਬਣ ਜਾਵੋਗੇ। ਐਗਜ਼ੈਂਪਟਿੰਗ ਸ਼ਰਤਾਂ ਇਹ ਹਨ:

ਹਾਇਪੋਪੈਰਾਥਾਈਰਾਈਡਿਸਮ

ਹਾਇਪੋਐਡ੍ਰੈਨਾਲੀਸਮ ਜਿਸ ਲਈ ਖਾਸ ਪ੍ਰਤੀਸਥਾਪਨ ਇਲਾਜ ਜ਼ਰੂਰੀ ਹੈ (ਜਿਵੇਂ ਕਿ ਐਡੀਸਨ'ਜ਼ ਬੀਮਾਰੀ)

ਸ਼ਕਰ ਰੋਗ ਈਨਸੀਪੀਡਸ ਅਤੇ

ਹਾਇਪੋਪਿਟਯੂਟਰੀਸਮ ਦੀਆਂ ਕਿਸਮਾਂ

ਸ਼ਕਰ ਰੋਗ ਮੈਲੀਟਸ ਜਿੱਥੇ

ਇਲਾਜ ਸਿਰਫ਼ ਆਹਾਰ ਦੁਆਰਾ ਕੀਤਾ ਜਾਂਦਾ ਹੈ

ਮਾਈਆਸਥੀਨਿਆ ਗ੍ਰੇਵਿਸ

ਮਾਈਕਸੋਡੇਮਾ (ਜਿਸਦਾ ਮਤਲਬ, ਹਾਇਪੋਥਾਈਰੋਇਡੀਸਮ ਨੂੰ ਥਾਇਰੋਡ ਹਾਰਮੋਨ ਬਦਲਣ ਦੀ ਲੋੜ ਹੈ)

ਮਿਰਗੀ ਨੂੰ ਲਗਾਤਾਰ

ਐਂਟੀ-ਕਨਵਲਸਿੱਵ ਇਲਾਜ ਦੀ ਲੋੜ ਹੈ

ਇੱਕ ਸਥਾਈ ਫ਼ੀਸਟੁਲਾ ਨੂੰ ਲਗਾਤਾਰ ਸਰਜੀਕਲ ਡ੍ਰੈਸਿੰਗ ਜਾਂ ਇੱਕ ਉਪਕਰਣ ਦੀ ਲੋੜ ਹੈ

ਇਹਨਾਂ ਅਵਸਥਾਵਾਂ ਤੋਂ ਅਲਾਵਾ, ਜੇਕਰ ਤੁਹਾਨੂੰ ਕੋਈ ਸਾਰੀਰਿਕ ਅਯੋਗਤਾ ਹੈ ਜਿਸਦਾ ਮਤਲਬ ਤੁਸੀ ਕਿਸੇ ਹੋਰ ਬੰਦੇ ਦੀ ਮਦਦ ਤੋਂ ਬਿਨਾ ਆਪਣੇ ਘਰ ਤੋਂ ਬਾਹਰ ਨਹੀ ਜਾ ਸਕਦੇ, ਤਾਂ ਤੁਸੀ ਇਸ ਦੇ ਜੋਗ ਹੋ ਸਕਦੇ ਹੋ।

ਸਰਟੀਫ਼ੀਕੇਟ ਦੇ ਆਵੇਦਨ ਲਈ, ਆਪਣੀ ਸਰਜਰੀ ਵਿੱਚ ਰਿਸੇਪਸ਼ਨਿਸਟ ਤੋਂ ਪੁਛੋ। ਫ਼ਾਰਮ ਸਰਜਰੀ ਵਿੱਚ ਹੀ ਭਰਿਆ ਜਾਵੇਗਾ, ਅਤੇ ਸਰਜਰੀ ਦੇ ਸਟਾਫ ਦੇ ਮੈਂਬਰ ਦੁਆਰਾ ਇਸ ਦੀ ਪੁਸ਼ਟੀ ਹੋਵੇਗੀ। ਸਰਜਰੀ ਤੁਹਾਡਾ ਆਵੇਦਨ ਨਊਕੈਸਲ ਵਿੱਚ ਮਰੀਜ਼ ਸੇਵਾਵਾਂ ਨੂੰ ਭੇਜ ਦੇਵੇਗੀ ਤੇ ਤੁਹਾਨੂੰ ਆਪਣਾ ਸਰਟੀਫ਼ੀਕੇਟ ਫ਼ਾਰਮ ਭੇਜਣ ਦੇ 14 ਦਿਨਾਂ ਦੇ ਅੰਦਰ ਮਿਲ ਜਾਵੇਗਾ।

## 60 ਤੇ ਉਸ ਤੋਂ ਜ਼ਿਆਦਾ ਉਮਰ ਦੇ ਲੋਕ

**ਜੇਕਰ ਤੁਸੀ 60 ਜਾਂ ਉਸ ਤੋਂ ਜ਼ਿਆਦਾ ਉਮਰ ਦੇ ਹੋ ਤਾਂ ਤੁਸੀ ਇਹ ਪ੍ਰਾਪਤ ਕਰਨ ਦੇ ਹੱਕਦਾਰ ਹੋ:**

ਮੁਫ਼ਤ ਐਨਐਚਐਸ ਨੁਸਖ਼ੇ

ਮੁਫ਼ਤ ਐਨਐਚਐਸ ਨਜ਼ਰ ਦੀ ਜਾਂਚ

## ਔਰਤਾਂ ਜੋ ਗਰਭਵਤੀਆਂ ਹਨ ਅਤੇ ਉਹ ਜਿਹਨਾਂ ਨੇ ਪਿਛਲੇ 12 ਮਹੀਨਿਆਂ ਵਿੱਚ ਬੱਚੇ ਨੂੰ ਜਨਮ ਦਿੱਤਾ ਹੈ

**ਇਹ ਪ੍ਰਾਪਤ ਕਰਨ ਦੇ ਹੱਕਦਾਰ ਹਨ:**

ਮੁਫ਼ਤ ਐਨਐਚਐਸ ਨੁਸਖ਼ੇ

ਮੁਫ਼ਤ ਐਨਐਚਐਸ ਦੰਦਾਂ ਦਾ ਇਲਾਜ

ਇਹ ਸਭ ਕੁਝ ਪ੍ਰਾਪਤ ਕਰਨ ਲਈ, ਤੁਹਾਨੂੰ ਐਨਐਚਐਸ ਮੇਟਰਨਿਟੀ ਐਕਸੈਮਪਸ਼ਨ ਸਰਟੀਫ਼ੀਕੇਟ ਲਈ ਆਵੇਦਨ ਕਰਨਾ ਜ਼ਰੂਰੀ ਹੈ।

ਫ਼ਾਰਮਜ਼ ਤੁਹਾਡੇ ਜੀਪੀ, ਦਾਈ ਜਾਂ ਸੇਹਤ ਵਿਜ਼ਿਟਰ ਦੇ ਕੋਲ ਉਪਲਬੱਧ ਹਨ। ਇਹ ਫ਼ਾਰਮ ਭਰਣ ਵਿੱਚ ਤੇ ਉਸਨੂੰ ਨਊਕੈਸਲ ਵਿੱਚ ਮਰੀਜ਼ ਸੇਵਾਵਾਂ ਨੂੰ ਭੇਜਣ ਵਿੱਚ ਤੁਹਾਡੀ ਮਦਦ ਕਰਾਂਗੇ। ਤੁਹਾਨੂੰ ਆਪਣਾ ਸਰਟੀਫ਼ੀਕੇਟ 14 ਦਿਨਾਂ ਦੇ ਅੰਦਰ ਮਿਲ ਜਾਵੇਗਾ।

## ਘੱਟ ਆਮਦਨੀ ਵਾਲੇ ਲੋਕ

ਜੇਕਰ ਇਸ ਲੀਫਲੈਟ ਵਿੱਚ ਦਿੱਤਾ ਗਿਆ ਕੋਈ ਵੀ ਗਰੁੱਪ ਤੁਹਾਡੇ ਉੱਤੇ ਲਾਗੂ ਨਹੀ ਹੁੰਦਾ, ਪਰ ਤੁਹਾਨੂੰ ਐਨਐਚਐਸ ਮੁੱਲ ਦੇ ਭੁਗਤਾਨ ਵਿੱਚ ਮੁਸ਼ਕਲ ਆ ਰਹੀ ਹੈ, ਤੇ ਤੁਸੀ ਐਨਐਚਐਸ ਘੱਟ ਆਮਦਨੀ ਸਕੀਮ ਦੇ ਅੰਤਰਗਤ ਮਦਦ ਲੈਣ ਦੇ ਯੋਗ ਹੋ ਸਕਦੇ ਹੋ। ਇਹ ਇੱਕ ਆਮਦਨੀ-ਸੰਬੰਧਤ ਸਕੀਮ ਹੈ ਜੋ ਤੁਹਾਡੀ (ਤੇ ਤੁਹਾਡੇ ਸਾਥੀ) ਦੀਆਂ ਹਫ਼ਤਾਵਾਰੀ ਜ਼ਰੂਰਤਾਂ ਤੇ ਨਜ਼ਰ ਰਖਦੀ ਹੈ ਤੇ ਇਹ ਹਿਸਾਬ ਲਾਉਂਦੀ ਹੈ ਕਿ ਤੁਹਾਨੂੰ ਆਪਣੀ ਸੇਹਤ ਲਈ ਕਿੰਨੇ ਕੁ ਪੈਸੇ ਦੇਣੇ ਚਾਹੀਦੇ ਹਨ।

ਇਸ ਸਕੀਮ ਦੇ ਅੰਤਰਗਤ ਪੂਰੀ ਮਦਦ ਸੀਮਾ ਹਾਲ ਵਿੱਚ ਹੀ ਬਦਲੀ ਗਈ ਹੈ ਇਸਲਈ ਜੇਕਰ ਤੁਸੀ ਕਲੇਮ ਨਹੀ ਲਿਆ ਹੈ, ਤੇ ਇਕ ਨਵਾਂ ਕਲੇਮ ਕਰਨਾ ਫ਼ਾਇਦੇਮੰਦ ਹੋ ਸਕਦਾ ਹੈ।

ਜੇਕਰ ਤੁਸੀ ਘੱਟ ਆਮਦਨੀ ਸਕੀਮ ਦੇ ਅੰਤਰਗਤ ਮਦਦ ਲਈ ਕਲੇਮ ਕਰਨਾ ਚਾਹੁੰਦੇ ਹੋ, ਤੇ ਆਪਣੇ ਸਥਾਨਕ ਦੰਦਾਂ ਦੇ ਡੌਕਟਰ ਤੋਂ, ਔਪਟੀਸ਼ੀਅਨ ਤੋਂ ਜਾਂ ਜੀਪੀ ਸਰਜਰੀ ਤੋਂ ਐਚਸੀ1 ਫ਼ਾਰਮ ਲਵੋ।

ਤੁਸੀ ਇਹ ਫ਼ਾਰਮ, ਉਸ ਨੂੰ ਭਰਣ ਲਈ ਸਲਾਹ, ਜਾਂ ਸੂਚਨਾ ਅਤੇ ਆਮ ਸਲਾਹ ਸਾਡੀ ਹੈਲਪਲਾਈਨ ਨੂੰ:

**0845 850 1166**

ਤੇ ਕੱਲ ਕਰਕੇ ਪ੍ਰਾਪਤ ਕਰ ਸਕਦੇ ਹੋ

(ਕੱਲਾਂ ਦਾ ਮੁੱਲ ਸਥਾਨਕ ਦਰਾਂ ਤੇ ਵਸੂਲਿਆ ਜਾਵੇਗਾ)